Roll No : ......................................

Total No. of Questions : **12** ] [ Total No. of Printed Pages : **4**

# A–343

## B.A. (Part-III) Examination, 2021

## PUNJABI

Paper - II

*Time : 1½ Hours* ] [ *Maximum Marks : **100***

**Section–A** **(Marks : 2 × 10 = 20)**

***Note*** :– Answer all *ten* questions (Answer limit **50** words). Each question carries **2** marks.

**(खण्ड–अ)** **(अंक : 2 × 10 = 20)**

**नोट** :– सभी **दस** प्रश्नों के उत्तर दीजिए (उत्तर-सीमा **50** शब्द)। प्रत्येक प्रश्न **2** अंक का है।

**Section–B** **(Marks : 8 × 5 = 40)**

***Note*** :– Answer any *five* questions out of seven (Answer limit **200** words). Each question carries **8** marks.

**(खण्ड–ब)** **(अंक : 8 × 5 = 40)**

**नोट** :– सात में से किन्हीं **पाँच** प्रश्नों के उत्तर दीजिए (उत्तर-सीमा **200** शब्द)। प्रत्येक प्रश्न **8** अंक का है।

**Section–C** **(Marks : 20 × 2 = 40)**

***Note*** :– Answer any *two* questions out of four (Answer limit **500** words). Each question carries **20** marks.

**(खण्ड–स)** **(अंक : 20 × 2 = 40)**

**नोट** :– चार में से किन्हीं **दो** प्रश्नों के उत्तर दीजिए (उत्तर-सीमा **500** शब्द)। प्रत्येक प्रश्न **20** अंक का है।

## ਭਾਗ-(ੳ)

1. ਹੇਠ ਲਿਖੇ ਸਾਰੇ ਪ੍ਰਸ਼ਨਾਂ ਨੂੰ ਹੱਲ ਕਰੋ। ਪ੍ਰਸ਼ਨਾਂ ਦਾ ਉੱਤਰ 50 ਸ਼ਬਦਾਂ ਵਿਚ ਲਿਖੋ ? ਹਰੇਕ ਪ੍ਰਸ਼ਨ 2 ਅੰਕ ਦਾ ਹੈ। **(2×10=20)**

   (ੳ) ਖੁੱਲੀ ਕਵਿਤਾ ਲਿਖਣ ਦੀ ਪਿਰਤ ਕਿਸ ਕਵੀ ਦੁਆਰਾ ਪਾਈ ਗਈ ? 2

   (ਅ) ਆਧੁਨਿਕ ਕਵਿਤਾ ਦੀ ਸ਼ੁਰੂਆਤ ਕਿਸ ਕਵੀ ਤੋਂ ਮੰਨੀ ਜਾਂਦੀ ਹੈ ? 2

   (ੲ) ਰੁਮਾਂਸਵਾਦ ਨਾਲ ਸੰਬੰਧਿਤ ਕੋਈ ਦੋ ਕਵੀਆਂ ਦੇ ਨਾਂ ਲਿਖੋ ? 2

   (ਸ) ਪੰਜਾਬੀ ਦੇ ਪ੍ਰਮੁੱਖ 4 ਕਹਾਣੀਕਾਰਾਂ ਦੇ ਨਾਂ ਲਿਖੋ ? 2

   (ਹ) ਆਈ. ਸੀ. ਨੰਦਾ ਦੇ ਪਹਿਲੇ ਨਾਟਕ ਦਾ ਨਾਂ ਲਿਖੋ ? 2

   (ਕ) ਪ੍ਰਗਤੀਵਾਦ ਦੀ ਸ਼ੁਰੂਆਤ ਕਿਸ ਸਮੇਂ ਤੋਂ ਮੰਨੀ ਜਾਂਦੀ ਹੈ ? 2

   (ਖ) 'ਸਭਿਆਚਾਰ' ਸ਼ਬਦ ਦੇ ਸ਼ਾਬਦਿਕ ਅਰਥ ਲਿਖੋ ? 2

   (ਗ) ਜੀਵਨੀ ਅਤੇ ਸਵੈ-ਜੀਵਨੀ ਵਿਚ ਅੰਤਰ ਦਰਸ਼ਾਉ ? 2

   (ਘ) ਨਾਨਕ ਸਿੰਘ ਨਾਵਲਕਾਰ ਦੇ ਕਿਸ ਨਾਵਲ ਉੱਤੇ ਫਿਲਮ ਬਣੀ ਹੈ ? 2

   (ਙ) 'ਗਜ਼ਲ' ਦੇ ਅਰਥ ਦਸੋ ? 2

## ਭਾਗ-(ਅ) **(8×5=40)**

**ਨੋਟ :** ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ **ਪੰਜ** ਪ੍ਰਸ਼ਨਾਂ ਦੇ ਉੱਤਰ ਦਿਉ। ਹਰੇਕ ਪ੍ਰਸ਼ਨ 8 ਅੰਕ ਦਾ ਹੈ।

2. ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਉ। 8

   ਅਹਿੰਸਾ ਦਾ ਤੱਥ ਬੜਾ ਡੂੰਘਾ ਹੈ। ਇਸ ਨੂੰ ਜ਼ਿੰਦਗੀ ਵਿਚ ਉਤਾਰਨਾ ਬੜਾ ਔਖਾ ਹੈ। ਇਸ ਨੂੰ ਠੀਕ ਨਾ ਸਮਝਣ ਦੇ ਕਾਰਨ ਹੀ ਕੁਝ ਲੋਕ ਇਸ ਦੀ ਸ਼ਕਤੀ ਦਾ ਹਾਸਾ ਉਡਾਉਂਦੇ ਹਨ। ਇਸ ਬਾਰੇ ਵਿਚਾਰ ਕਰਨ ਵੇਲੇ ਪਹਿਲੀ ਗੱਲ ਇਹ ਮੰਨ ਲੈਣੀ ਚਾਹੀਦੀ ਹੈ ਕਿ ਹਿੰਸਾ ਵਿਚ ਕਾਇਰਤਾ ਹੈ, ਅਹਿੰਸਾ ਵਿਚ ਨਹੀਂ, ਜੇ ਅਸੀਂ ਆਪਣੇ ਵਿਰੋਧੀ ਕੋਲੋਂ ਡਰਦੇ ਹਾਂ ਅਤੇ ਉਸ ਡਰੋਂ ਉਸ ਦਾ ਨੁਕਸਾਨ ਨਹੀਂ ਕਰਨਾ ਚਾਹੁੰਦੇ ਤਾਂ ਇਸ ਵਿਚ ਅਹਿੰਸਾ ਨਹੀਂ। ਮੁਖਾਲਫ਼ ਨੂੰ ਨੁਕਸਾਨ ਨਾ ਪਹੁੰਚਾਉਣ ਦੀ ਰੁਚੀ ਡਰ ਦੇ ਕਾਰਨ ਹੈ, ਨਾ ਕਿ ਇਸ ਲਈ ਕਿ ਨੁਕਸਾਨ

ਪਹੁੰਚਾਉਣਾ ਮਾੜਾ ਹੈ। ਜੇ ਮਨੁੱਖ ਇਸ ਤਰਾਂ ਡਰ ਦੇ ਮਾਰੇ ਨੂੰ ਸਹਾਰਾ ਵੀ ਮਿਲ ਜਾਵੇ ਅਤੇ ਉਸ ਦਾ ਭੈ ਦੂਰ ਹੋ ਜਾਏ, ਕਿਸੇ ਦੂਸਰੇ ਦੇ ਸੰਕੋਚ ਅਤੇ ਬਿਨਾਂ ਦੇਰੀ ਤੋਂ ਮੁਖਾਲਫ਼ ਉੱਤੇ ਵਾਰ ਕਰ ਦੇਵੇਗਾ। ਅਹਿੰਸਾ ਉਸੇ ਵਿਚ ਰਹਿ ਸਕਦੀ ਹੈ ਜੋ ਇਹ ਮਹਿਸੂਸ ਕਰਦਾ ਹੈ ਕਿ ਨੁਕਸਾਨ ਪਹੁੰਚਾਉਣਾ ਹੀ ਮਾੜਾ ਹੈ।

3. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸ ਦੇ ਵਾਕਾਂ ਵਿੱਚ ਵਰਤੋ ਕਰੋ : 8

(ੳ) ਉੱਖਲੀ ਵਿੱਚ ਸਿਰ ਦੇਣਾ

(ਅ) ਉਂਗਲ ਕਰਨੀ ਜਾਂ ਊਜ ਲਾਉਣੀ

(ੲ) ਅੱਖਾਂ ਅੱਗੇ ਸਰ੍ਹੋਂ ਫੁੱਲਣੀ

(ਸ) ਆਵਾ ਊਤ ਜਾਣਾ

(ਹ) ਇੱਕ ਅੱਖ ਨਾਲ ਵੇਖਣਾ

(ਕ) ਇੱਕੋ ਥੈਲੀ ਦੇ ਚੱਟੇ ਬੱਟੇ ਹੋਣਾ

(ਖ) ਇੱਟ ਚੁੱਕਦੇ ਨੂੰ ਪੱਥਰ ਤਿਆਰ

(ਗ) ਹਜ਼ਾਮਤ ਕਰਨੀ

4. ਹੇਠ ਲਿਖੇ ਅਖਾਣਾਂ ਦੇ ਅਰਥ ਦੱਸ ਕੇ ਵਾਕਾਂ ਵਿੱਚ ਵਰਤੋ ਕਰੋ : 8

(ੳ) ਉਜੜੇ ਬਾਗਾਂ ਦੇ ਗਾਲ੍ਹੜ ਪਟਵਾਰੀ

(ਅ) ਉਹ ਕਿਹੜੀ ਗਲੀ ਜਿਥੇ ਭਾਗੋ ਨਹੀਂ ਖਲੀ

(ੲ) ਅੱਖੀ ਵੇਖ ਕੇ ਮੱਖੀ ਨਿਗਲੀ ਨਹੀਂ ਜਾਂਦੀ

(ਸ) ਆਪ ਕਾਜ ਮਹਾਂ ਕਾਜ

(ਹ) ਸੱਦੀ ਨਾ ਬੁਲਾਈ ਮੈ ਲਾੜੇ ਦੀ ਤਾਈ

(ਕ) ਸ਼ਕਲ ਮੋਸਨਾਂ, ਕਰਤੂਤ ਕਾਫਰਾਂ

(ਖ) ਹੁਣ ਤਾਂ ਭੇਡਾਂ ਵੀ ਮੱਕੇ ਚਲੀਆਂ ਨੇ

(ਗ) ਕਾਠ ਦੀ ਹਾਂਡੀ ਇਕੋ ਵਾਰ ਚੜ ਦੀ ਹੈ।

5. 'ਨਜ਼ਮ' ਦਾ ਸ਼ਾਬਦਿਕ ਅਰਥ ਲਿਖੋ ? 8

6. 'ਗੀਤ' ਦੀ ਪਰਿਭਾਸ਼ਾ ਅਤੇ ਲੱਛਣ ਲਿਖੋ ? 8

7. ਨਿੱਕੀ ਕਹਾਣੀ ਬਾਰੇ ਚਰਚਾ ਕਰੋ ? 8

8. ਕਵਿਤਾ ਕੀ ਹੈ ? ਇਸਦੇ ਤੱਤਾਂ ਬਾਰੇ ਵਰਨਣ ਕਰੋ ? 8

## ਭਾਗ-(ੲ)

**ਨੋਟ :** ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕੋਈ ਦੋ ਪ੍ਰਸ਼ਨ ਹੱਲ ਕਰੋ। ਪ੍ਰਸ਼ਨ ਦਾ ਜਵਾਬ 500 ਸ਼ਬਦਾਂ ਵਿਚ ਲਿਖੋ। ਹਰੇਕ ਪ੍ਰਸ਼ਨ 20 ਅੰਕ ਦਾ ਹੈ। **(20×2=40)**

9. ਹੇਠ ਲਿਖੇ ਕਵੀਆਂ ਵਿਚੋਂ ਕਿਸੇ ਇੱਕ ਕਵੀ ਦੇ ਜੀਵਨ, ਰਚਨਾ ਅਤੇ ਕਾਵਿ ਕਲਾ ਬਾਰੇ ਵਿਸਥਾਰ ਪੂਰਵਕ ਚਰਚਾ ਕਰੋ ?

   (i) ਅਮ੍ਰਿਤਾ ਪ੍ਰੀਤਮ

   (ii) ਸ਼ਿਵ ਕੁਮਾਰ 20

10. ਆਧੁਨਿਕ ਪੰਜਾਬੀ ਨਾਟਕ ਦਾ ਇਤਿਹਾਸ ਆਪਣੇ ਸ਼ਬਦਾਂ ਵਿਚ ਲਿਖੋ ? 20

11. ਨਿਬੰਧ ਦੀ ਪਰਿਭਾਸ਼ਾ ਲਿਖੋ ? ਇਸਦੇ ਤੱਤਾਂ ਦਾ ਵਰਨਣ ਕਰੋ ? 20

12. (ੳ) ਸਾਹਿਤ ਰੂਪ ਖੁਲ੍ਹੀ ਕਵਿਤਾ ਬਾਰੇ ਵਿਚਾਰ ਚਰਚਾ ਕਰੋ ? 10

    (ਅ) ਸਾਹਿਤ ਰੂਪ ਜੀਵਨ-ਕਥਾ (ਸਵੈ-ਜੀਵਨੀ) ਬਾਰੇ ਵਿਚਾਰ ਚਰਚਾ ਕਰੋ ? 10